# ਦਫਤਰ ਜਿਲਾ ਮੈਜਿਸਟਰੇਟ, ਅੰਮ੍ਰਿਤਸਰ

## ਹੁਕਮ

ਜਿਵੇਂ ਕਿ ਸਾਰਿਆਂ ਨੂੰ ਜਾਨਕਾਰੀ ਹੈ ਕਿ ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਉ ਸਬੰਧੀ ਇਸ ਦਫਤਰ ਦੇ ਕਰਫਿਊ ਹੁਕਮ, ਜੋ ਪਿਠਅੰਕਣ ਨੰਬਰ **COVID/69** ਰਾਹੀਂ ਜਿਲ੍ਹਾਂ ਅੰਮ੍ਰਿਤਸਰ ਵਿੱਚ 23.03.2020 ਨੂੰ ਜਾਰੀ ਕੀਤੇ ਗਏ ਸਨ, ਜਿਸ ਵਿੱਚ ਕਿਸੇ ਵੀ ਵਿਅਕਤੀ ਦੇ ਸੜਕਾਂ, ਗਲੀਆਂ ਜਾਂ ਜਨਤਕ ਥਾਵਾਂ ਤੇ ਘੁੰਮਣ ਫਿਰਨ ਤੇ ਮਨਾਹੀ ਕੀਤੀ ਗਈ ਹੈ। ਲੋਕ ਹਿੱਤ ਵਿੱਚ ਮਨੁੱਖਾਂ ਅਤੇ ਪਸ਼ੂਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਫਿਊ ਦੋਰਾਨ ਇਨ੍ਹਾਂ ਹੁਕਮਾਂ ਦੀ ਲਗਾਤਾਰਤਾ ਵਿੱਚ ਹੇਠ ਲਿਖਿਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਹਾਕਰਜ਼ ਵੱਲੋਂ ਅਖ਼ਬਾਰ ਵੰਡਣ ਦਾ ਕੰਮ ਸਵੇਰੇ 8:00 ਵਜੇ ਤੱਕ ਮੁਕੰਮਲ ਕੀਤਾ ਜਾਵੇਗਾ, ਜਿਸ ਤੋਂ ਬਾਅਦ ਹਾਕਰਜ਼ ਦੇ ਚੱਲਣ, ਫਿਰਨ ਤੇ ਮਨਾਹੀ ਹੋਵੇਗੀ। ਸੜਕਾਂ ਦੇ ਕਿਨਾਰੇ ਤੇ ਅਖ਼ਬਾਰ ਵੇਚਣ ਦੀ ਮਨਾਹੀ ਹੋਵੇਗੀ।
2. ਦੁੱਧ ਪਦਾਰਥਾਂ ਦੀ ਸਪਲਾਈ ਦੋਧੀਆਂ ਵੱਲੋਂ ਘਰ-ਘਰ ਜਾ ਕੇ ਸਵੇਰੇ 5:00 ਵਜੇ ਤੋਂ 8:00 ਵਜੇ ਤੱਕ ਮੁਕੰਮਲ ਕੀਤੀ ਜਾਵੇਗੀ, ਜਿਸ ਤੋਂ ਬਾਅਦ ਦੋਧੀਆਂ ਦੇ ਚੱਲਣ ਫਿਰਨ ਤੇ ਮਨਾਹੀ ਹੋਵੇਗੀ। ਵੇਰਕਾ ਅਤੇ ਅਮੂਲ ਵੱਲੋਂ ਘਰ-ਘਰ ਦੁੱਧ ਦੀ ਸਪਲਾਈ ਦੁਪਹਿਰ 2:00 ਵਜੇ ਤੱਕ ਚਲਦੀ ਰਹੇਗੀ।
3. ਕੈਮਿਸਟਾਂ ਵੱਲੋਂ ਜ਼ਰੂਰੀ ਦਵਾਈਆਂ ਦੀ ਡਿਲਿਵਰੀ ਸਵੇਰੇ 8:00 ਵਜੇ ਤੋਂ ਸ਼ਾਮ 7:00 ਵਜੇ ਤੱਕ ਘਰ-ਘਰ ਜਾ ਕੇ ਕੀਤੀ ਜਾਵੇਗੀ। ਇਸ ਕੰਮ ਲਈ ਜੋਨਲ ਲਾਇਸੈਂਸਿੰਗ ਅਥਾਰਟੀ, ਡਰੱਗ, ਵੱਲੋਂ ਏਰੀਆ ਵਾਈਜ਼ ਰੋਟੇਸ਼ਨ ਦੇ ਆਧਾਰ 'ਤੇ ਹੋਲਸੇਲਰਾਂ ਅਤੇ ਦੁਕਾਨਦਾਰਾਂ ਨੂੰ ਵਧੀਕ ਜਿਲਾ ਮੈਜਿਸਟਰੇਟ ਦੀ ਪ੍ਰਵਾਨਗੀ ਉਪਰੰਤ ਪਰਮਿਟ ਜਾਰੀ ਕੀਤਾ ਜਾਵੇਗਾ। ਇਹ ਦੁਕਾਨਦਾਰ ਆਪਣਾ ਨੰਬਰ ਜਨਤਕ ਕਰਣਗੇ ਅਤੇ ਪੁਲਿਸ ਦੁਆਰਾ ਪੁੱਛੇ ਜਾਣ 'ਤੇ ਉਕਤ ਪਰਮਿਟ ਦਿਖਾਉਣਗੇ।
4. ਪੈਟਰੋਲ ਪੰਪ ਰੋਜਾਨਾ ਸਵੇਰੇ 4:00 ਵਜੇ ਤੋਂ ਸਵੇਰੇ 8:00 ਵਜੇ ਤੱਕ ਖੋਲ੍ਹੇ ਜਾਣਗੇ ਹਾਲਾਂਕਿ ਇਨ੍ਹਾਂ ਪੰਪਾਂ 'ਤੇ ਸਿਰਫ ਐਮਰਜੰਸੀ ਸੇਵਾਵਾਂ ਲਈ ਵਰਤੇ ਜਾਣ ਵਾਲੇ ਵਾਹਨਾਂ ਵਿੱਚ ਹੀ ਪੈਟਰੋਲ ਜਾਂ ਡੀਜਲ ਦੀ ਪੂਰਤੀ ਕੀਤੀ ਜਾਵੇਗੀ।
5. ਐਲ.ਪੀ.ਜੀ. ਗੈਸ ਦੀ ਸਪਲਾਈ ਸਬੰਧੀ ਆਮ ਜਨਤਾ ਵੱਲੋਂ ਲੋੜ ਪੈਣ 'ਤੇ ਸਬੰਧਤ ਗੈਸ ਏਜੰਸੀ ਨਾਲ ਫੋਨ ਤੇ ਸੰਪਰਕ ਕੀਤਾ ਜਾਵੇਗਾ, ਜਿਨ੍ਹਾਂ ਵਲੋਂ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਇਨ੍ਹਾਂ ਸੁਵਿਧਾਵਾਂ ਦੀ ਹੋਮ ਡਿਲਿਵਰੀ ਕੀਤੀ ਜਾਵੇਗੀ।
6. ਕਰਿਆਨਾ ਅਤੇ ਰਾਸ਼ਨ ਦੀ ਦੁਕਾਨਾਂ ਦੁਪਹਿਰੇ 2:00 ਵਜੇ ਤੋਂ ਸ਼ਾਮ 6:00 ਵਜੇ ਤੱਕ ਖੋਲ੍ਹੀਆਂ ਜਾਣਗੀਆਂ ਅਤੇ ਇਨ੍ਹਾਂ ਵੱਲੋਂ ਸਾਮਾਨ ਦੀ ਡਿਲਿਵਰੀ ਘਰ-ਘਰ ਜਾ ਕੇ ਕੀਤੀ ਜਾਵੇਗੀ ਅਤੇ ਦੁਕਾਨ ਤੇ ਕਿਸੇ ਵੀ ਗ੍ਰਾਹਕ ਨੂੰ ਸਿੱਧੇ ਤੌਰ ਤੇ ਸਮਾਨ ਨਹੀਂ ਵੇਚਿਆ ਜਾਵੇਗਾ। ਇਸ ਕੰਮ ਲਈ ਜਿਲ੍ਹਾ ਫੂਡ ਅਤੇ ਸਪਲਾਈ ਕੰਟਰੋਲਰ ਵੱਲੋਂ ਏਰੀਆ ਵਾਈਜ ਰੋਟੇਸ਼ਨ ਤੇ ਹੋਲਸੇਲਰਾਂ ਅਤੇ ਦੁਕਾਨਦਾਰਾਂ ਨੂੰ ਵਧੀਕ ਜਿਲਾ ਮੈਜਿਸਟਰੇਟ ਦੀ ਪ੍ਰਵਾਨਗੀ ਉਪਰੰਤ ਪਰਮਿਟ ਜਾਰੀ ਕੀਤਾ ਜਾਵੇਗਾ। ਇਹ ਦੁਕਾਨਦਾਰ ਆਪਣਾ ਨੰਬਰ ਜਨਤਕ ਕਰਣਗੇ ਅਤੇ ਪੁਲਿਸ ਦੁਆਰਾ ਪੁੱਛੇ ਜਾਣ 'ਤੇ ਉਕਤ ਪਰਮਿਟ ਦਿਖਾਉਣਗੇ।
   ਇਸ ਤੋਂ ਇਲਾਵਾ ਜਿਲਾ ਫੂਡ ਅਤੇ ਸਪਲਾਈ ਕੰਟਰੋਲਰ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਗੋਦਾਮਾਂ ਅਤੇ ਰੇਲ ਵਿੱਚ ਅਨਾਜ ਦੀ ਢੋਆ-ਢੁਆਈ ਲਈ ਕਰਮਚਾਰੀਆਂ/ ਕਾਮਿਆਂ ਲਈ ਵੀ ਪਰਮਿਟ ਜਾਰੀ ਕਰਣਗੇ।
7. ਸਬਜੀਆਂ ਅਤੇ ਫਲਾਂ ਦੀ ਵਿਕਰੀ ਸਮੂਹ ਉਪ ਮੰਡਲ ਮੈਜਿਸਟਰੇਟਾਂ ਵੱਲੋਂ ਸ਼ਨਾਖਤ ਕੀਤੇ ਗਏ ਰੇੜ੍ਹੀਆਂ ਵਿਕਰੇਤਾ ਵੱਲੋਂ ਮੁਹੱਲਿਆਂ ਵਿੱਚ ਰੋਜਾਨਾ ਦੁਪਹਿਰ 12:00 ਵਜੇ ਤੋਂ ਸ਼ਾਮ 5:00 ਵਜੇ ਤੱਕ ਕੀਤੀ ਜਾਵੇਗੀ। ਇਸ ਵਿਕਰੀ ਸਮੇਂ ਆਮ ਜਨਤਾ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਕਿਸੇ ਵੀ ਸਮੇਂ ਰੇੜ੍ਹੀ ਤੇ ਵਿਕਰੇਤਾ ਨੂੰ ਮਿਲਾ ਕੇ ਦੋ ਤੋਂ ਵੱਧ ਵਿਅਕਤੀ ਨਹੀਂ ਖੜ੍ਹੇ ਹੋਣਗੇ, ਗ੍ਰਾਹਕ ਆਪਣੇ ਘਰ ਦੇ ਗੇਟ ਤੇ ਹੀ ਰਹਿਣਗੇ ਅਤੇ ਰੇੜ੍ਹੀ ਤੇ ਇਕੱਤਰ ਨਹੀਂ ਹੋਣਗੇ। ਇਸ ਤੋਂ ਇਲਾਵਾ ਜਿਲ੍ਹਾ ਮੰਡੀ ਅਫਸਰ ਸ਼ਹਿਰ ਵਿੱਚ ਸਬਜੀ ਅਤੇ ਫਲ ਵੇਚਣ ਵਾਲੇ ਦੁਕਾਨਦਾਰਾਂ ਦੀ ਸ਼ਨਾਖਤ ਕਰਕੇ ਵਧੀਕ ਜਿਲਾ ਮੈਜਿਸਟਰੇਟ ਦੀ ਪ੍ਰਵਾਨਗੀ ਉਪਰੰਤ ਪਰਮਿਟ ਜਾਰੀ ਕਰਣਗੇ ਜੋ ਲੋਕਾਂ ਨੂੰ ਘਰ-ਘਰ ਜਾ ਕੇ ਇਹ ਵਸਤੂਆਂ ਸਪਲਾਈ ਕਰਣਗੇ।
8. ਪਸ਼ੂਆਂ ਲਈ ਤੂੜੀ ਅਤੇ ਚਾਰੇ ਸਬੰਧੀ ਟਾਲ ਅਤੇ ਦੁਕਾਨਾਂ ਰੋਜਾਨਾ ਸਵੇਰੇ 4:00 ਵਜੇ ਤੋਂ ਸਵੇਰੇ 8:00 ਵਜੇ ਤੱਕ ਖੁਲ੍ਹਣਗੀਆਂ। ਇਸੇ ਤਰ੍ਹਾਂ ਪੋਲਟਰੀ/ ਕੈਟਲ ਫੀਡ ਦੀਆਂ ਦੁਕਾਨਾਂ ਹਫਤੇ ਵਿੱਚ ਦੋ ਵਾਰ (ਵੀਰਵਾਰ ਅਤੇ ਸੋਮਵਾਰ) ਸਵੇਰੇ 4:00 ਵਜੇ ਤੋਂ ਸਵੇਰੇ 8:00 ਵਜੇ ਤੱਕ ਖੁਲ੍ਹਣਗੀਆਂ। ਇਨ੍ਹਾਂ ਕੰਮਾਂ ਲਈ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਉਕਤ ਦੁਕਾਨਾਂ ਦੀ ਸ਼ਨਾਖਤ ਕਰਕੇ ਵਧੀਕ ਜਿਲਾ ਮੈਜਿਸਟਰੇਟ ਦੀ ਪ੍ਰਵਾਨਗੀ ਉਪਰੰਤ ਪਰਮਿਟ ਜਾਰੀ ਕਰਣਗੇ ਜੋ ਲੋਕਾਂ ਨੂੰ ਘਰ-ਘਰ ਜਾ ਕੇ ਇਹ ਵਸਤੂਆਂ ਸਪਲਾਈ ਕਰਣਗੇ।
9. ਜਿਲ੍ਹਾ ਅੰਮ੍ਰਿਤਸਰ ਦੇ 20 ਬੈੱਡਾਂ ਤੋਂ ਵੱਧ ਸਮਰੱਥਾ ਵਾਲੇ ਪ੍ਰਾਈਵੇਟ ਹਸਪਤਾਲ ਕੇਵਲ ਐਮਰਜੰਸੀ ਸੇਵਾਵਾਂ ਲਈ ਖੁਲ੍ਹੇ ਰਹਿਣਗੇ। ਇਸ ਕੰਮ ਲਈ ਸਿਵਿਲ ਸਰਜਨ, ਅੰਮ੍ਰਿਤਸਰ ਪਰਮਿਟ ਜਾਰੀ ਕਰਣਗੇ। ਉਕਤ ਹਸਪਤਾਲਾਂ ਦੇ ਮੈਡੀਕਲ, ਪੈਰਾ-ਮੈਡੀਕਲ ਅਤੇ ਹੋਰ ਸਟਾਫ ਨੂੰ ਵੀ ਸਿਵਲ ਸਰਜਨ ਵੱਲੋਂ ਪਰਮਿਟ ਜਾਰੀ ਕੀਤਾ ਜਾਵੇਗਾ।

Scanned with CamScanner

10. ਉਪਰੋਕਤ ਸਾਰੀ ਦੁਕਾਨਾਂ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੇ ਆਉਣ ਜਾਉਣ ਦੀ ਅਤੇ ਜਨਤਾ ਨੂੰ ਦੁਕਾਨ ਤੇ ਸਿੱਧੀ ਵਿਕਰੀ ਦੀ ਮਨਾਹੀ ਹੋਵੇਗੀ। ਇਸ ਨੂੰ ਯਕੀਤੀ ਬਨਾਉਣ ਲਈ ਸਬੰਧਤ ਇਲਾਕੇ ਦੇ ਐਸ.ਐਚ.ਓ ਨਿਜੀ ਤੌਰ ਤੇ ਜਿੰਮੇਵਾਰ ਹੋਣਗੇ।

11. ਜਿਲ੍ਹੇ ਦੀ ਪੁਲਿਸ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸੇਵਾਵਾਂ ਲਈ ਮੈਡੀਕਲ ਸਟਾਫ, ਸਬੰਧਤ ਦੁਕਾਨਦਾਰਾਂ, ਵਿਕਰੇਤਾ, ਹਾਕਰਾਂ, ਰੇੜ੍ਹੀ ਵਾਲਿਆਂ ਆਦਿ ਨਾਲ ਸਹਿਯੋਗ ਕੀਤਾ ਜਾਵੇ ਅਤੇ ਉਨ੍ਹਾਂ ਦੇ ਆਈ.ਡੀ ਕਾਰਡ, ਪਰਮਿਟ ਆਦਿ ਨੂੰ ਵਾਚ ਕੇ ਸਮੇਂ ਦੀ ਪਾਬੰਦੀ ਅਨੁਸਾਰ ਕਰਫਿਊ ਵਿੱਚ ਵਿਚਰਨ ਦੀ ਇਜਾਜਤ ਦਿੱਤੀ ਜਾਵੇ।

12. ਸਬੰਧਤ ਉਪ ਮੰਡਲ ਦੇ ਮੈਜਿਸਟਰੇਟ ਉਪਰੋਕਤ ਸਾਰੀ ਹਦਾਇਤਾਂ ਨੂੰ ਯਕੀਨੀ ਬਣਾਉਣਗੇ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੂਹ ਆਮ ਲੋਕਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ। ਇਹ ਹੁਕਮ ਜਿਲ੍ਹਾ ਅੰਮ੍ਰਿਤਸਰ ਵਿੱਚ ਕਮਿਸ਼ਨਰ ਪੁਲਿਸ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਾਰਜ ਸਾਧਕ ਅਫਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੇ ਦਫਤਰਾਂ ਦੇ ਨੋਟਿਸ ਬੋਰਡ ਤੇ ਚਸਪਾ ਕਰਕੇ ਲਾਗੂ ਕਰਵਾਇਆ ਜਾਵੇ। ਲੋਕ ਸੰਪਰਕ ਵਿਭਾਗ, ਅੰਮ੍ਰਿਤਸਰ ਵੱਲੋਂ ਪ੍ਰੈਸ ਮਾਧਿਅਮ ਅਤੇ ਮੁਨਿਆਦੀ ਰਾਹੀਂ ਇਸਦਾ ਪ੍ਰਚਾਰ ਕੀਤਾ ਜਾਵੇ ਤਾਂ ਜੋ ਇਨ੍ਹਾਂ ਹੁਕਮਾਂ ਬਾਰੇ ਆਮ ਜਨਤਾ ਨੂੰ ਜਾਗਰੂਕ ਕੀਤਾ ਜਾ ਸਕੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 24.03.2020 ਨੂੰ ਜਾਰੀ ਕੀਤਾ ਗਿਆ।

DISTRICT MAGISTRATE AMRITSAR

ਜਿਲਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ: **COVID/74-93** ਮਿਤੀ: 24.03.2020

ਇਸ ਦਾ ਉਤਾਰਾ:-

1) ਮੁੱਖ ਸਕੱਤਰ, ਪੰਜਾਬ ਸਰਕਾਰ,ਚੰਡੀਗੜ੍ਹ।
2) ਵਧੀਕ ਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਆਈ.ਜੀ.ਪੁਲਿਸ, ਬਾਡਰ ਜੋਨ, ਅੰਮ੍ਰਿਤਸਰ।
5) ਕਮਿਸ਼ਨਰ ਪੁਲਿਸ, ਅੰਮ੍ਰਿਤਸਰ।
6) ਜਿਲ੍ਹਾ ਅਤੇ ਸੈਸ਼ਨ ਜੱਜ,ਅੰਮ੍ਰਿਤਸਰ।
7) ਵਧੀਕ ਜਿਲਾ ਮੈਜਿਸਟਰੇਟ , ਅੰਮ੍ਰਿਤਸਰ।
8) ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ।
9) ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ।
10) ਸਮੂਹ ਉਪ ਮੰਡਲ ਮੈਜਿਸਟਰੇਟ ਅੰਮ੍ਰਿਤਸਰ।
11) ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ, ਅੰਮ੍ਰਿਤਸਰ।
12) ਸਿਵਲ ਸਰਜਨ, ਅੰਮ੍ਰਿਤਸਰ।
13) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਅੰਮ੍ਰਿਤਸਰ।
14) ਜਿਲ੍ਹਾ ਖੁਰਾਕ ਸਪਲਾਈ ਕੰਟਰੋਲਰ, ਅੰਮ੍ਰਿਤਸਰ।
15) ਜੋਨਲ ਲਾਇਸੈਂਸਿੰਗ ਅਥਾਰਟੀ, ਡਰੱਗ, ਅੰਮ੍ਰਿਤਸਰ।
16) ਜੀ.ਐਮ. ਵੇਰਕਾ, ਅੰਮ੍ਰਿਤਸਰ।
17) ਜਿਲਾ ਮੰਡੀ ਅਫਸਰ, ਅੰਮ੍ਰਿਤਸਰ।
18) ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਅੰਮ੍ਰਿਤਸਰ।
19) ਸਮੂਹ ਤਹਿਸੀਲਦਾਰ/ ਨਾਇਬ ਤਹਿਸੀਲਦਾਰ ਕਾਰਜ ਸਾਧਕ ਅਫਸਰ, ਅੰਮ੍ਰਿਤਸਰ
20) ਬੀ.ਡੀ.ਪੀ.ਓ. ਅੰਮ੍ਰਿਤਸਰ।

ਜਿਲਾ ਮੈਜਿਸਟਰੇਟ
ਅੰਮ੍ਰਿਤਸਰ।

Scanned with CamScanner